# ਨਮੂਨੇ ਦਾ ਪ੍ਰਸ਼ਨ ਪੱਤਰ ਅਕਾਦਮਿਕ ਸਾਲ 2022-23

**ਵਿਸ਼ਾ:- ਪੰਜਾਬੀ (ਪਹਿਲੀ-ਭਾਸ਼ਾ)** **ਜਮਾਤ-ਪੰਜਵੀਂ**

**ਕੁੱਲ ਅੰਕ:- 80 ਅੰਕ** **ਪ੍ਰਾਪਤ ਅੰਕ:-.........**

1) **ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨ ਨੰਬਰ 1 ਤੋਂ ਪ੍ਰਸ਼ਨ ਨੰਬਰ 5 ਤੱਕ ਦੇ ਉੱਤਰ ਵਿਕਲਪਾਂ ਵਿੱਚੋਂ ਚੁਣੋ।**
**(1×5=5 ਅੰਕ )**

**ਬੁੱਢੇ ਖ਼ਰਗੋਸ਼ ਨੂੰ ਡੱਬੇ ਖ਼ਰਗੋਸ਼ ਤੇ ਸਤਰੰਗੀ ਤਿਤਲੀ ਵਿਚਕਾਰ ਹੋਈ ਗੱਲਬਾਤ ਦਾ ਕੁਝ ਪਤਾ ਨਹੀਂ ਸੀ। ਉਸ ਨੇ ਆਖਿਆ, "ਸਤਰੰਗੀ ਤਿਤਲੀਏ! ਤੈਨੂੰ ਇਹ ਕਹਿਣ ਦੀ ਕੀ ਲੋੜ ਪੈ ਗਈ ? ਅਸੀਂ ਤਾਂ ਸਭ ਦੇ ਦੋਸਤ ਹਾਂ, ਫੁੱਲਾਂ ਦੇ ਵੀ, ਤਿਤਲੀਆਂ ਦੇ ਵੀ। ਜੇ ਤਿਤਲੀਆਂ ਫੁੱਲਾਂ ਦਾ ਧੂੜਾ ਇੱਕ ਫੁੱਲ ਤੋਂ ਦੂਜੇ ਫੁੱਲ ਤੱਕ ਨਾ ਲੈ ਕੇ ਜਾਣ ਤਾਂ ਫੁੱਲਾਂ ਦੇ ਬੀਜ ਕਿਵੇਂ ਬਣਨ? ਫੁੱਲ ਕਿਵੇਂ ਖਿੜਨ? ਜੰਗਲ਼, ਟਾਪੂ ਸੋਹਣੇ ਕਿਵੇਂ ਲੱਗਣ? ਤੂੰ ਇੱਥੇ ਹੀ ਰਹਿ। ਅਸਲ ਵਿੱਚ ਇਹ ਤੇਰੀ ਹੀ ਥਾਂ ਹੈ।" ਡੱਬਾ ਖ਼ਰਗੋਸ਼ ਸ਼ਰਮਸਾਰ ਹੋਇਆ ਬੈਠਾ ਸੀ।**

**ਪ੍ਰਸ਼ਨ 1:- ਤਿਤਲੀਆਂ ਇੱਕ ਫੁੱਲ ਤੋਂ ਦੂਜੇ ਫੁੱਲ ਤੱਕ ਕੀ ਲੈ ਕੇ ਜਾਂਦੀਆਂ ਹਨ ?**

A) ਫੁੱਲਾਂ ਦੇ ਬੀਜ B) ਫੁੱਲਾਂ ਦਾ ਧੂੜਾ
C) ਫੁੱਲਾਂ ਦੀਆਂ ਪੱਤੀਆਂ D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 2:- ਇਹ ਪੈਰਾ ਕਿਸ ਪਾਠ ਵਿਚੋਂ ਲਿਆ ਗਿਆ ਹੈ?**

A) ਸਿਆਣੀ ਗੱਲ B) ਸਤਰੰਗੀ ਤਿਤਲੀ
C) ਸੁੰਢ ਤੇ ਹਲ਼ਦੀ D) ਚਿੜੀਆ-ਘਰ

**ਪ੍ਰਸ਼ਨ 3:- ਹੇਠਾਂ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਨਾਂਵ ਹੈ?**

A) ਅਸੀਂ B) ਤਿਤਲੀ
C) ਤੇਰੀ D) ਇੱਥੇ

**ਪ੍ਰਸ਼ਨ 4:- ਹੇਠ ਲਿਖੇ ਵਾਕ ਵਿੱਚਲੇ ਢੁਕਵੇਂ ਸ਼ਬਦਾਂ ਦੇ ਵਚਨ ਬਦਲ ਕੇ ਸਹੀ ਵਿਕਲਪ ਕਿਹੜਾ ਹੋਵੇਗਾ ?**
**'ਮੈਂ ਤਾਂ ਸਭ ਦਾ ਦੋਸਤ ਹਾਂ।'**

A) ਇਹ ਤਾਂ ਸਭ ਦਾ ਦੋਸਤ ਹੈ। B) ਉਹ ਤਾਂ ਸਭ ਦੇ ਦੋਸਤ ਹਨ।
C) ਅਸੀਂ ਤਾਂ ਸਭ ਦੇ ਦੋਸਤ ਹਾਂ। D) ਇਹਨਾਂ ਵਿੱਚੋਂ ਕੋਈ ਨਹੀਂ।

**ਪ੍ਰਸ਼ਨ 5:- ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?**

A) ਡੱਬਾ ਖ਼ਰਗੋਸ਼ ਮਾਣ ਨਾਲ਼ ਬੈਠਾ ਸੀ। B) ਡੱਬਾ ਖ਼ਰਗੋਸ਼ ਸ਼ਰਮਸਾਰ ਹੋਇਆ ਬੈਠਾ ਸੀ।
C) ਡੱਬਾ ਖ਼ਰਗੋਸ਼ ਨਿੰਮੋਝੂਣਾ ਹੋਇਆ ਬੈਠਾ ਸੀ। D) ਡੱਬਾ ਖ਼ਰਗੋਸ਼ ਉਦਾਸ ਹੋਇਆ ਬੈਠਾ ਸੀ।

2) **ਹੇਠਾਂ ਦਿੱਤੀ ਤਸਵੀਰ ਨੂੰ ਵੇਖ ਕੇ ਦਿੱਤੇ ਗਏ ਪ੍ਰਸ਼ਨ ਨੰਬਰ 6 ਤੋਂ ਪ੍ਰਸ਼ਨ ਨੰਬਰ 10 ਤੱਕ ਦੇ ਉੱਤਰ ਵਿਕਲਪਾਂ ਵਿੱਚੋਂ ਚੁਣੋ।** **(1×5=5 ਅੰਕ)**



**ਪ੍ਰਸ਼ਨ:-6 ਪਾਠ-ਪੁਸਤਕ ਦੀ ਇਸ ਤਸਵੀਰ ਵਿੱਚ ਬੱਚੇ ਕੀ ਕਰ ਰਹੇ ਹਨ?**

A) ਤਿਰੰਗੇ ਨੂੰ ਸਲਾਮ ਕਰ ਰਹੇ ਹਨ। B) ਸਵੇਰ ਦੀ ਸਭਾ ਕਰ ਰਹੇ ਹਨ।
C) ਆਪਸ ਵਿੱਚ ਗੱਲ-ਬਾਤ ਕਰ ਰਹੇ ਹਨ। D) ਬਾਲ-ਸਭਾ ਲਗਾ ਰਹੇ ਹਨ।

**ਪ੍ਰਸ਼ਨ:-7 ਤਿਰੰਗੇ ਵਿੱਚ ਸਭ ਤੋਂ ਉੱਪਰ ਕਿਹੜਾ ਰੰਗ ਹੈ?**

A) ਕੇਸਰੀ ਰੰਗ B) ਸਫ਼ੈਦ ਰੰਗ
C) ਹਰਾ ਰੰਗ D) ਨੀਲਾ ਰੰਗ

**ਪ੍ਰਸ਼ਨ:-8 ਤਿਰੰਗੇ ਦੇ ਵਿੱਚਕਾਰ ਸਫ਼ੈਦ ਪੱਟੀ ਵਿੱਚ ਬਣੀ ਤਸਵੀਰ ਨੂੰ ਕੀ ਕਹਿੰਦੇ ਹਨ?**

A) ਰੰਗ ਚੱਕਰ B) ਅਸ਼ੋਕ ਚੱਕਰ
C) ਗੋਲ਼ ਚੱਕਰ D) ਵਿਸ਼ੇਸ਼ ਚੱਕਰ

**ਪ੍ਰਸ਼ਨ:-9 ਜਿਵੇਂ ਸਾਡਾ ਰਾਸ਼ਟਰੀ ਝੰਡਾ 'ਤਿਰੰਗਾ' ਹੈ।ਇਸ ਤਰ੍ਹਾਂ ਸਾਡਾ ਰਾਸ਼ਟਰੀ ਪੰਛੀ ਕਿਹੜਾ ਹੈ?**

A) ਕਬੂਤਰ B) ਮੈਨਾ
C) ਮੋਰ D) ਤੋਤਾ

**ਪ੍ਰਸ਼ਨ:-10 ਹੇਠ ਲਿਖੀ ਸਤਰ ਪੂਰੀ ਕਰੋ:-**
**ਇਸ ਦੀ ਮਿੱਟੀ ਵਿੱਚ ਉੱਗਦੇ ਨੇ, ਮੋਤੀਆਂ ਵਰਗੇ ਦਾਣੇ।**
**ਇਹ ਮਿੱਟੀ ਤਾਂ ਮਾਂ ਹੁੰਦੀ ਹੈ,..........................।**

A) ਬੋਲਣ ਲੋਕ ਸਿਆਣੇ। B) ਕਹਿੰਦੇ ਲੋਕ ਸਿਆਣੇ।
C) ਆਖਣ ਲੋਕ ਸਿਆਣੇ। D) ਸਾਰੇ ਲੋਕ ਸਿਆਣੇ।

3) ਹੇਠਾਂ ਦਿੱਤੇ ਪ੍ਰਸ਼ਨ ਨੰਬਰ 11 ਤੋਂ ਪ੍ਰਸ਼ਨ ਨੰਬਰ 20 ਤੱਕ ਨੂੰ ਪੜ੍ਹ ਕੇ ਉੱਤਰ ਦੇ ਲਈ ਸਹੀ ਵਿਕਲਪ ਚੁਣੋ:- (1×10=10 ਅੰਕ )

**ਪ੍ਰਸ਼ਨ 11. ਹੇਠ ਲਿਖਿਆਂ ਵਿੱਚੋਂ 'ਨਿੱਕੀ' ਸ਼ਬਦ ਦਾ ਬਹੁ-ਵਚਨ ਕੀ ਹੋਵੇਗਾ ?**

A) ਵੱਡੀ
B) ਵੱਡੀਆਂ
C) ਨਿੱਕੀਆਂ
D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 12. ਹੇਠ ਲਿਖਿਆਂ ਵਿੱਚੋਂ 'ਦਾਦਾ ਜੀ' ਸ਼ਬਦ ਦਾ ਲਿੰਗ ਬਦਲ ਕੇ ਕਿਹੜਾ ਸ਼ਬਦ ਸਹੀ ਹੋਵੇਗਾ ?**

A) ਨਾਨਾ ਜੀ
B) ਦਾਦੀ ਜੀ
C) ਪਿਤਾ ਜੀ
D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 13. 'ਮਨਮੋਹਣੀ' ਸ਼ਬਦ ਦਾ ਸਮਾਨਾਰਥਕ ਸ਼ਬਦ ਕੀ ਹੋਵੇਗਾ ?**

A) ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਵਾਲ਼ੀ
B) ਮਨ ਨੂੰ ਚੰਗੀ ਲੱਗਣ ਵਾਲ਼ੀ
C) ਪਹਿਰਾ ਦੇਣ ਵਾਲ਼ੀ
D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 14. 'ਕਦੇ-ਕਦੇ' ਦਾ ਵਿਰੋਧੀ ਸ਼ਬਦ ਕੀ ਹੋਵੇਗਾ ?**

A) ਨੇੜੇ-ਨੇੜੇ
B) ਹੌਲ਼ੀ-ਹੌਲ਼ੀ
B) ਵੱਡੀਆਂ-ਵੱਡੀਆਂ
C) ਹਮੇਸ਼ਾਂ-ਹਮੇਸ਼ਾਂ

**ਪ੍ਰਸ਼ਨ 15. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸ਼ੁੱਧ ਹੈ ?**

A) ਨਿਜਾਰੇ
B) ਪਸਤੋਲ
C) ਇੰਗਲੈਂਡ
D) ਪਛੋਕੜ

**ਪ੍ਰਸ਼ਨ 16. ਹੇਠ ਲਿਖੇ ਸ਼ਬਦ ਕਿਸ ਨੇ ਕਹੇ ?**

**'ਹਰ ਗੱਲ ਦਾ ਕਿਸੇ ਠੀਕ ਸਮੇਂ ਮੁੱਲ ਹੁੰਦਾ ਹੈ।"**

A) ਕੁੰਦਨ ਲਾਲ ਨੇ
B) ਪਿਤਾ ਜੀ ਨੇ
C) ਡਾ ਰਾਜਿੰਦਰ ਨੇ
D) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 17. ਹੇਠਾਂ ਲਿਖਿਆਂ ਵਿੱਚੋਂ ਪੜਨਾਂਵ ਸ਼ਬਦ ਚੁਣੋ ?**

A) ਧੀ
B) ਤੇਰੀ
C) ਮੁੰਡਾ
D) ਚਾਅ

**ਪ੍ਰਸ਼ਨ 18. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਖ਼ਾਸ-ਨਾਂਵ ਹੈ ?**

A) ਮੁੰਡੇ
B) ਸਕੂਲ
C) ਪੰਜਾਬ
D) ਇਹ ਸਾਰੇ।

**ਪ੍ਰਸ਼ਨ 19. ਹੇਠਾਂ ਲਿਖੇ ਵਾਕ ਵਿੱਚ ਖਾਲੀ ਥਾਂ ਵਿੱਚ ਕਿਹੜਾ ਵਿਸ਼ਰਾਮ ਚਿੰਨ੍ਹ ਆਵੇਗਾ ?**

**"ਤੂੰ ਖਲੋ ਕਿਉਂ ਗਿਆ ਏਂ ........." ਤਿਤਲੀ ਨੇ ਡੱਬੇ ਖ਼ਰਗੋਸ਼ ਨੂੰ ਆਖਿਆ।**

A) ।
B) ?
C) !
D) ,

**ਪ੍ਰਸ਼ਨ 20. 'ਛੁਪਣ-ਛੋਤ ਹੋਣਾ' ਦਾ ਸਹੀ ਅਰਥ ਚੁਣੋ।**

A) ਬਹੁਤ ਕੋਸ਼ਸ਼ ਕਰਨਾ
B) ਅਲੋਪ ਹੋਣਾ
C) ਬੁਰਾ ਮਨਾਉਣਾ
D) ਝਗੜਾ ਖ਼ਤਮ ਕਰਨਾ

ਪ੍ਰਸ਼ਨ 21. ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪੰਜ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ:-

(4×3=12 ਅੰਕ)

ਹਰਮੀਤ ਨੇ ਪੁੱਛਿਆ, "ਮਾਂ ਜੀ! ਇਸ ਫੁਲਕਾਰੀ ਨੂੰ ਕੀ ਕਹਿੰਦੇ ਨੇ? ਆਹ, ਜਿਹਦੇ ਉੱਪਰ ਤਿਕੋਣੀ ਸ਼ਕਲ ਵਿੱਚ ਕਢਾਈ ਕੀਤੀ ਏ ਤੇ ਬਾਕੀ ਸਾਰੀ ਖ਼ਾਲੀ ਛੱਡੀ ਹੋਈ ਹੈ?" "ਇਹ ਘੁੰਗਟ ਬਾਗ਼ ਹੈ"।ਇਸ ਦੇ ਸਿਰ ਅਤੇ ਮੋਢਿਆ ਉੱਤੇ ਆਉਣ ਵਾਲੇ ਹਿੱਸੇ ਵਿੱਚ ਹੀ ਕਢਾਈ ਕੀਤੀ ਹੁੰਦੀ ਹੈ। ਅਹਿ ਚੋਪ ਹੈ।ਇਹ ਵਿਆਹ ਦੀ ਫੁਲਕਾਰੀ ਹੈ।ਪਹਿਲਾਂ ਚੂੜਾ ਚੜ੍ਹਾਉਣ ਵੇਲ਼ੇ ਇਹ ਕੁੜੀ ਉੱਤੇ ਦਿੱਤੀ ਜਾਂਦੀ ਸੀ।ਇਹ ਦੂਜੀਆਂ ਸਧਾਰਨ ਫੁਲਕਾਰੀਆਂ ਨਾਲ਼ੋਂ ਵੱਡੀ ਹੁੰਦੀ ਹੈ।ਇਸ ਦੀ ਕਢਾਈ ਖ਼ਾਸ ਗੁੰਝਲਦਾਰ ਤੋਪੇ ਨਾਲ਼ ਕੀਤੀ ਹੁੰਦੀ ਹੈ।ਕਢਾਈ ਦਾ ਤੋਪਾ ਬਹੁਤ ਬਰੀਕ ਹੁੰਦਾ ਹੈ।ਇਹ ਕੁੜੀਆਂ ਦੇ ਦਾਜ ਦੀ ਖ਼ਾਸ ਚੀਜ਼ ਹੁੰਦੀ ਸੀ।ਇਸ ਵਾਂਗ 'ਸੁੱਭਰ'ਵੀ ਸ਼ਗਨਾਂ ਦਾ ਕੱਪੜਾ ਹੁੰਦਾ ਸੀ।ਇਹਨੂੰ ਲਾਂਵਾਂ-ਫੇਰਿਆਂ ਦੇ ਮੌਕੇ ਉੱਤੇ ਦਿੱਤਾ ਜਾਂਦਾ ਸੀ ।ਵੇਖ,ਇਹਦੇ ਵਿੱਚ ਕੰਨੀਆਂ ਦੇ ਨਾਲ਼-ਨਾਲ਼ ਕਢਾਈ ਕੀਤੀ ਹੋਈ ਹੈ।ਇਸ ਦੇ ਵਿਚਕਾਰ ਸਿਰਫ਼ ਪੰਜ ਫੁੱਲ ਹੀ ਕੱਢੇ ਹੋਏ ਹਨ। ਬਾਕੀ ਦਾ ਹਿੱਸਾ ਸਾਫ਼ ਹੈ,"ਮਾਂ ਜੀ ਨੇ ਮੈਨੂੰ ਜਾਣਕਾਰੀ ਦੇਂਦਿਆਂ ਕਿਹਾ ।

ਪ੍ਰਸ਼ਨ ੳ) :- ਘੁੰਗਟ ਬਾਗ਼ ਫੁਲਕਾਰੀ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ ਅ):-ਲਾਂਵਾਂ-ਫੇਰਿਆਂ ਦੇ ਮੌਕੇ ਕੁੜੀ ਉੱਤੇ ਦਿੱਤੀ ਜਾਣ ਵਾਲੀ ਫ਼ੁਲਕਾਰੀ ਨੂੰ ਕੀ ਕਿਹਾ ਜਾਂਦਾ ਹੈ ?

ਪ੍ਰਸ਼ਨ ੲ):- ਚੋਪ ਦੀ ਕਢਾਈ ਕਿਹੋ ਜਹਿ ਹੁੰਦੀ ਹੈ?

ਪ੍ਰਸ਼ਨ ਸ):- ਲਾਵਾਂ ਫੇਰਿਆਂ ਦੇ ਸਮੇਂ ਸ਼ਗਨਾਂ ਦਾ ਕਿਹੜਾ ਕੱਪੜਾ ਲਿਆ ਜਾਂਦਾ ਹੈ?

ਪ੍ਰਸ਼ਨ ਹ):- ਹਰਮੀਤ ਨੂੰ ਫੁਲਕਾਰੀ ਬਾਰੇ ਕੌਣ ਦੱਸ ਰਿਹਾ ਸੀ?

ਪ੍ਰਸ਼ਨ 22. ਹੇਠ ਲਿਖੇ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ। (4×3=12 ਅੰਕ)

(ੳ) ਛੋਟੇ ਸਾਹਿਬਜ਼ਾਦਿਆਂ ਦੇ ਨਾਂ ਲਿਖੋ।
ਅ) ਕਲਪਨਾ ਚਾਵਲਾ ਦਾ ਵਿਆਹ ਕਦੋਂ ਹੋਇਆ ਸੀ?
ੲ) ਸ਼ਾਰਦਾ ਭੈਣ ਜੀ ਦਾ ਹੱਥ ਕਿਸ ਨੇ ਫੜਿਆ ਹੋਇਆ ਸੀ ?
ਸ) ਸਾਰਾਗੜ੍ਹੀ ਵਿੱਚ ਕਿੰਨੇ ਸੈਨਿਕ ਸਨ ?
ਹ) ਸ਼ਹੀਦ ਕਰਤਾਰ ਸਿੰਘ ਸਰਾਭੇ ਨੂੰ ਫਾਂਸੀ ਕਦੋਂ ਹੋਈ ਸੀ?

ਪ੍ਰਸ਼ਨ 23. ਹੇਠ ਲਿਖੇ ਵਿਸ਼ੇ ਦੀ ਸਿਰਜਣਾਤਮਿਕ ਪਰਖ (ਮਾਈਂਡ ਮੈਪਿੰਗ) ਕਰੋ।

(4×1=4 ਅੰਕ)



ਪ੍ਰਸ਼ਨ 24. ਹੇਠਾਂ ਲਿਖੇ ਸ਼ਬਦਾਂ ਦਾ ਕਿੱਤਿਆਂ ਨਾਲ਼ ਮਿਲਾਨ ਕਰੋ:- ( 4×0.5=2 ਅੰਕ)

| | |
|---|---|
| ਜੁਲਾਹਾ | ਮਰੀਜ਼ਾਂ ਦਾ ਇਲਾਜ ਕਰਨ ਵਾਲ਼ਾ |
| ਅਧਿਆਪਕ | ਕੱਪੜੇ ਬੁਣਨ ਵਾਲ਼ਾ |
| ਡਾਕਟਰ (ਵੈਦ) | ਚਮੜੇ ਦਾ ਕੰਮ ਕਰਨ ਵਾਲ਼ਾ |
| ਮੋਚੀ | ਪੜ੍ਹਾਉਣ ਵਾਲ਼ਾ |

ਪ੍ਰਸ਼ਨ 25. ਦਿੱਤੇ ਗਏ ਸ਼ਬਦਾਂ ਵਿੱਚੋਂ ਦੋ ਸ਼ਬਦਾਂ ਦੇ ਵਾਕ ਬਣਾਓ? (2×2=4 ਅੰਕ)

1) ਬੇਰੀ:..............................................................................................

2) ਪਤੀਲਾ:...........................................................................................

3) ਸੇਵਕ:.............................................................................................

ਪ੍ਰਸ਼ਨ 26. ਦਿੱਤੀਆਂ ਗਈਆਂ ਸਤਰਾਂ ਵਿੱਚ ਵਿਸ਼ਰਾਮ ਚਿੰਨ ਲਗਾਓ:- (2×1=2 ਅੰਕ)

1. ਤੁਸੀਂ ਛੱਡੋ ਨਾਂ 'ਚੋਂ ਕੀ ਲੈਣਾ ਏ
2. ਨਹੀਂ ਮੈਂ ਮਜ਼ਦੂਰੀ ਨਹੀਂ ਲੈਂਦਾਂ
3. ਢੀਮ ਤਾਂ ਮਾਹਾਰਾਜ ਦੇ ਵੱਜੀ ਏ
4. ਹੈਂ ਮੇਰਾ ਪਤੀਲਾ ਮੋਹਰਾਂ ਨਾਲ਼ ਭਰ ਗਿਆ

ਪ੍ਰਸ਼ਨ 27. ਹੇਠਾਂ ਦਿੱਤੀਆਂ ਖਾਲੀ ਥਾਂਵਾਂ ਵਿੱਚ ਢੁਕਵੀਂ ਕਿਰਿਆ ਭਰੋ:- (4×1=4 ਅੰਕ)

(ਮਨਾਉਣਾ, ਵੱਢ, ਖਾ ਲਓ, ਹੱਸ ਰਹੀ, ਚਲਾਉਣ, ਬੋਲਿਆ)

ਜਿਵੇਂ: ਮੈਂ ਹੁਣ ਰੁੱਖ ਨਹੀਂ ਵੱਢ ਸਕਦਾ।

1. ਕੰਬਾਈਨ ਨੂੰ ਬੇਰੋਕ..........ਲਈ ਰੁੱਖ ਵੱਢਣ ਦਾ ਇਰਾਦਾ ਬਣਾਇਆ।
2. ਕੁਹਾੜਾ ਧੀਰਜ ਨਾਲ਼........................।
3. ਪਹਿਲਾਂ ਰੋਟੀ........................।
4. ਮੈਂ ਆਪਣਾ ਜਨਮ-ਦਿਨ ਰੁੱਖ ਲਾ ਕੇ...................... ਹੈ।

ਪ੍ਰਸ਼ਨ 28. ਮਾਮੇ ਦੇ ਵਿਆਹ 'ਤੇ ਜਾਣ ਲਈ ਛੁੱਟੀ ਲੈਣ ਲਈ ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਅਰਜ਼ੀ ਲਿਖੋ।

ਜਾਂ

'ਅੱਖੀਂ ਡਿੱਠਾ ਮੇਲਾ' ਲੇਖ 75 ਤੋਂ 100 ਸ਼ਬਦਾਂ ਵਿੱਚ ਲਿਖੋ। (1×10=10 ਅੰਕ)

ਪ੍ਰਸ਼ਨ 29. ਸੁੰਦਰ ਲਿਖਾਈ (1×10=10 ਅੰਕ)